Tender Heart High school-33B
Class-7 Pbi. Lang



14
ਪਾਠ

# ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ
## (One Word Substitution for a Group of Words

ਪਿਆਰੇ ਬੱਚਿਓ, ਹੇਠ ਦਿੱਤੇ ਚਿੱਤਰਾਂ ਨਾਲ਼ ਦਿੱਤੀ ਗਈ ਜਾਣਕਾਰੀ ਨੂੰ ਧਿਆਨ ਨਾਲ਼ ਪੜ੍ਹੋ :

ਪੰਛੀਆਂ ਦੁਆਰਾ ਆਪਣੇ ਰਹਿਣ ਲਈ ਬਣਾਈ ਥਾਂ।



ਆਲ੍ਹਣਾ



ਪੰਜਾਬ ਦੀ ਜਮ-ਪਲ਼ ਔਰਤ।

ਪੰਜਾਬਣ



ਕੁਕੜੀ ਦਾ ਬੱਚਾ

ਚੂਚਾ

ਉੱਪਰ ਬਹੁਤੇ ਸ਼ਬਦਾਂ ਦੀ ਥਾਂ ਵਰਤਿਆ ਗਿਆ ਇੱਕ ਸ਼ਬਦ ਉਸੇ ਅਰਥ ਨੂੰ ਪ੍ਰਗਟਾਉਂਦਾ ਹੈ ਜਿਸ ਨੂੰ ਬਹੁਤੇ ਸ਼ਬਦ ਮਿਲ਼ ਕੇ ਪ੍ਰਗਟਾਉਂਦੇ ਹਨ। ਜੇਕਰ ਇੱਕ ਸ਼ਬਦ ਹੀ ਬਹੁਤੇ ਸ਼ਬਦਾਂ ਦਾ ਅਰਥ ਪ੍ਰਗਟਾ ਸਕਦਾ ਹੈ ਤਾਂ ਇਸ ਨਾਲ਼ ਨਾ ਕੇਵਲ ਸਮੇਂ ਦੀ ਹੀ ਬੱਚਤ ਹੁੰਦੀ ਹੈ ਸਗੋਂ ਭਾਸ਼ਾ ਵੀ ਪ੍ਰਭਾਵਸ਼ਾਲੀ ਹੋ ਜਾਂਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਸਾਨੂੰ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਕਰਨੀ ਚਾਹੀਦੀ ਹੈ। ਹੇਠਾਂ ਅਜਿਹੀਆਂ ਉਦਾਹਰਨਾਂ ਦੀ ਇੱਕ ਸੰਖੇਪ ਸੂਚੀ ਦਰਜ ਹੈ :

1. ਕਿਸੇ ਵਿਅਕਤੀ ਦੇ ਆਉਣ ਦੀ ਆਸ ਵਿੱਚ ਹੋਣਾ — ਉਡੀਕ

2. ਉੱਚੀ ਥਾਂ ਤੋਂ ਹੇਠਾਂ ਲਿਆਉਣਾ — ਉਤਾਰਨਾ
3. ਦੂਜੇ ਦੇ ਭਲੇ ਲਈ ਕੀਤਾ ਕੰਮ — ਉਪਕਾਰ
4. ਜਿਸ ਵਿਅਕਤੀ ਦਾ ਕੋਈ ਅੰਗ ਨਾ (ਰਿਹਾ) ਹੋਵੇ — ਅੰਗਹੀਣ
5. ਜਿਸ ਬੱਚੇ ਦੇ ਮਾਂ-ਬਾਪ ਨਾ ਹੋਣ — ਅਨਾਥ
6. ਜਿਸ ਨੂੰ ਭੁਲਾਇਆ ਨਾ ਜਾ ਸਕੇ — ਅਭੁੱਲ
7. ਰੱਬ ਨੂੰ ਮੰਨਣ ਵਾਲ਼ਾ ਵਿਅਕਤੀ — ਆਸਤਿਕ
8. ਪਤੀ ਦੀ ਮਾਂ (ਮਾਤਾ) — ਸੱਸ
9. ਪਤੀ ਦਾ ਪਿਤਾ — ਸਹੁਰਾ
10. ਇੱਕੋ ਸਮੇਂ/ਕਾਲ ਵਿੱਚ ਹੋਣ ਵਾਲ਼ੇ — ਸਮਕਾਲੀ
11. ਜਿਸ ਔਰਤ ਦਾ ਪਤੀ ਜਿਊਂਦਾ ਹੋਵੇ — ਸੁਹਾਗਣ
12. ਜਿਸ ਵਿਅਕਤੀ ਨੂੰ ਸਾਰੇ ਹੀ ਪਿਆਰ ਕਰਨ — ਹਰਮਨ-ਪਿਆਰਾ
13. ਕਹਾਣੀਆਂ ਲਿਖਣ ਵਾਲ਼ਾ — ਕਹਾਣੀਕਾਰ
14. ਜ਼ਿਆਦਾ ਗੱਲਾਂ ਕਰਨ ਵਾਲ਼ਾ — ਗਾਲੜੀ
15. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਵਰਤੀ ਜਾਂਦੀ ਲਿਪੀ — ਗੁਰਮੁਖੀ
16. ਪਿਤਾ ਦਾ ਛੋਟਾ ਭਰਾ — ਚਾਚਾ
17. ਚਾਰ ਪੈਰਾ ਵਾਲ਼ਾ ਜੀਵ — ਚੁਪਾਇਆ
18. ਪਤੀ ਦਾ ਵੱਡਾ ਭਰਾ — ਜੇਠ
19. ਤੇਲ ਕੱਢਣ ਵਾਲ਼ਾ ਵਿਅਕਤੀ — ਤੇਲੀ
20. ਪਿਤਾ ਦਾ ਪਿਤਾ (ਡੈਡੀ) — ਦਾਦਾ
21. ਪਿਤਾ ਦੀ ਮਾਤਾ — ਦਾਦੀ
22. ਪਤੀ ਦਾ ਛੋਟਾ ਭਰਾ — ਦਿਓਰ
23. ਰੱਬ ਨੂੰ ਨਾ ਮੰਨਣ ਵਾਲ਼ਾ — ਨਾਸਤਿਕ
24. ਮਾਂ (ਮਾਤਾ) ਦਾ ਪਿਤਾ — ਨਾਨਾ
25. ਮਾਂ (ਮਾਤਾ) ਦੀ ਮਾਂ — ਨਾਨੀ
26. ਨਾਵਲ ਲਿਖਣ ਵਾਲ਼ਾ — ਨਾਵਲਕਾਰ
27. ਕਿਸੇ ਨਾਲ਼ ਪੱਖਪਾਤ ਨਾ ਕਰਨ ਵਾਲ਼ਾ — ਨਿਰਪੱਖ
28. ਕਿਸੇ ਇੱਕ ਪੱਖ ਦੀ ਰਿਆਇਤ ਕਰਨ ਵਾਲ਼ਾ — ਪੱਖਪਾਤੀ
29. ਪੁੱਤਰ ਦਾ ਪੁੱਤਰ — ਪੋਤਾ/ਪੋਤਰਾ
30. ਬਿੱਲੀ ਦਾ ਬੱਚਾ — ਬਲੂੰਗੜਾ

Class-7

Pbi. lang.

31. ਭਰਾ ਦੀ ਪਤਨੀ — ਭਰਜਾਈ
32. ਪਿਤਾ ਦੀ ਭੈਣ — ਭੂਆ
33. ਇੱਕ-ਦੂਜੇ ਦੀ ਦੇਖਾ-ਦੇਖੀ ਕੋਈ ਕੰਮ ਕਰਨਾ — ਭੇਡ-ਚਾਲ
34. ਮਾਂ/ਮਾਤਾ ਦਾ ਭਰਾ — ਮਾਮਾ
35. ਮਾਂ ਦੀ ਭੈਣ — ਮਾਸੀ
36. ਬੱਕਰੀ ਦਾ ਬੱਚਾ — ਮੇਮਣਾ
37. ਕੱਪੜਿਆਂ ਨੂੰ ਰੰਗਣ ਦਾ ਕੰਮ ਕਰਨ ਵਾਲ਼ਾ — ਲਲਾਰੀ
38. ਭੇਡ ਦਾ ਬੱਚਾ — ਲੇਲਾ
39. ਗਾਂ/ਗਊ ਦਾ ਬੱਚਾ/ਬੱਚੀ — ਵੱਛਾ/ਵੱਛੀ
40. ਘੋੜੀ ਦਾ ਬੱਚਾ/ਬੱਚੀ — ਵਛੇਰਾ/ਵਛੇਰੀ